**Bani3880.doc**

# ਕੀ ਵਟਸਐਪ ਤੇ RIP ਦਾ ਸੁਨੇਹਾ ਭੇਜਣ ਨਾਲ ਮਸਲਾ ਹੱਲ ਹੋ ਸਕਦਾ ਹੈ?

## (ਮਰਨਾ, ਸਵਰਗਵਾਸ, ਅੰਤਿਮ ਜੀਵਨ)

ਸ: ਬਲਜੀਤ ਸਿੰਘ ਜੋ ਕਿ ਵਾਸ਼ੀ ਗੁਰਦੁਆਰਾ ਸਾਹਿਬ ਦੇ ਨਿਸ਼ਾਨ ਸਾਹਿਬ ਦੀ ਸੇਵਾ ਕਈ ਸਾਲਾਂ ਤੋ ਲਗਾਤਾਰ ਕਰ ਰਹੇ ਸਨ, ਉਨ੍ਹਾ ਨੇ ਬਹੁਤ ਵਾਰੀ ਬਿਜਲੀ ਦੇ ਕੰਮਾਂ ਵਾਸਤੇ ਵੀ ਸੇਵਾ ਕੀਤੀ ਹੈ। ਉਹ ਪਿਛਲੇ ਕੁਝ ਦਿਨ ਪਹਿਲਾ ਸਦੀਵੀ ਕਾਲ ਲਈ ਵਿਛੋੜਾ ਦੇ ਗਏ ਹਨ।

ਬਹੁਤ ਸਾਰੇ ਲੋਕ ਵਟਸਐਪ ਤੇ RIP ਦਾ ਸੁਨੇਹਾ ਗੁਰਪਾਂ ਵਿਚ ਭੇਜਦੇ ਹਨ, ਪਰੰਤੂ ਕੀ ਉਹ ਗੁਰਬਾਣੀ ਅਨੁਸਾਰ ਪਰਵਾਨ ਹੈ? ਕੀ ਲੋਕਾਂ ਨੂੰ ਸੁਨੇਹਾਂ ਭੇਜਣ ਨਾਲ ਰੂਹ ਨੂੰ ਸ਼ਾਂਤੀ ਮਿਲ ਸਕਦੀ ਹੈ? ਲੋਕ ਕਹਿ ਸਕਦੇ ਹਨ ਕਿ ਅਸੀਂ ਉਸ ਲਈ ਅਰਦਾਸ ਕਰਦੇ ਹਾਂ। ਪਰੰਤੂ ਗੁਰਬਾਣੀ ਅਨੁਸਾਰ ਤਾਂ ਆਪਣਾ ਕਾਰਜ ਆਪ ਸਵਾਰਨ ਲਈ ਸਿਖਿਆ ਦਿਤੀ ਗਈ ਹੈ।

*ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥ ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥ ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥ ੨੦ ॥ (੪੭੪)*

ਜੇ ਕਰ ਅਰਦਾਸ ਬਾਰੇ ਕਹੀਏ ਤਾਂ ਉਹ ਵੀ ਗੁਰੂ ਸਾਹਿਬ ਨੇ ਆਪ ਅਰਦਾਸ ਕਰਨ ਲਈ ਕਿਹਾ ਹੈ, ਕਰਵਾਉਂਣ ਲਈ ਨਹੀਂ। ਫਿਰ ਦੂਸਰੇ ਦੀ ਕੀਤੀ ਹੋਈ ਅਰਦਾਸ ਕਿਸ ਤਰ੍ਹਾਂ ਪਰਵਾਨ ਹੋ ਸਕਦੀ ਹੈ?

*ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ ॥ ਅਰਦਾਸਿ ਕਰੀ ਪ੍ਰਭ ਅਪਨੇ ਆਗੈ ਸੁਣਿ ਸੁਣਿ ਜੀਵਾ ਤੇਰੀ ਬਾਣੀ ॥੧॥ ਰਹਾਉ ॥ (੭੪੯)*

ਅਰਦਾਸ ਵੀ ਕਰਨੀ ਹੈ ਤਾਂ ਗੁਰਬਾਣੀ ਅਨੁਸਾਰ ਜੀਵਨ ਦੀ ਜਾਚ ਸਿਖਣ ਲਈ ਕਰਨੀ ਹੈ। ਲੋਕ ਕਹਿ ਸਕਦੇ ਹਨ ਕਿ ਅਸੀਂ ਉਸ ਦਾ *ਆਵਾ ਗਵਨੁ* ਮਿਟਾਣ ਲਈ ਅਰਦਾਸ ਕਰਦੇ ਹਾਂ। ਪਰੰਤੂ ਗੁਰਬਾਣੀ ਅਨੁਸਾਰ ਤਾਂ *ਆਵਾ ਗਵਨੁ* ਅਕਾਲ ਪੁਰਖੁ ਦੀ ਸੇਵਾ ਨਾਲ ਹੀ ਮਿਟ ਸਕਦਾ ਹੈ। ਜਿਹੜੀ ਕਿ ਸਿਰਫ ਮਨੁੱਖਾ ਜਨਮ ਦੇ ਦੁਰਾਨ ਹੀ ਕੀਤੀ ਜਾ ਸਕਦੀ ਹੈ।

*ਆਵਾ ਗਵਨੁ ਮਿਟੈ ਪ੍ਰਭ ਸੇਵ ॥ ਆਪੁ ਤਿਆਗਿ ਸਰਨਿ ਗੁਰਦੇਵ ॥ (੨੮੮)*

http://www.geocities.ws/sarbjitsingh/Bani3990GurMag200906.pdf

ਗੁਰਬਾਣੀ ਵਿਚ ਕਈ ਥਾਂਵਾਂ ਤੇ ਸਪੱਸ਼ਟ ਕਰਕੇ ਸਮਝਾਇਆ ਗਿਆ ਹੈ, ਕਿ ਅਸਲੀ ਸੇਵਾ ਗੁਰੂ ਦੇ ਸਬਦ ਦੀ ਵੀਚਾਰ ਦੀ ਹੀ ਹੈ।

*ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥ (੨੨੩)*

ਇਸ ਲਈ ਗੁਰੂ ਦੇ ਸਬਦੁ ਦੀ ਵੀਚਾਰੁ ਹੀ ਅਸਲੀ ਜਪ, ਤਪ, ਸੰਜਮ ਤੇ ਪਾਠ ਹੈ, ਤੇ ਗੁਰੂ ਦੇ ਸਬਦੁ ਦੀ ਵੀਚਾਰੁ ਹੀ ਅਸਲੀ ਸੇਵਾ ਹੈ। ਗੁਰਬਾਣੀ ਅਨੁਸਾਰ ਸਪੱਸ਼ਟ ਕਰਕੇ ਸਮਝਾਇਆ ਗਿਆ ਹੈ, ਕਿ "ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥" ਇਸ ਲਈ ਸਾਨੂੰ ਆਪਣਾ ਕਾਰਜ ਆਪ ਸਵਾਰਨਾ ਹੈ।

ਜੇਕਰ ਪਰਵਾਰ ਦਾ ਮੁੱਖ ਮੈਂਬਰ ਚਲਾ ਗਿਆ ਹੈ ਤਾਂ ਉਹ ਵਾਪਿਸ ਤਾਂ ਨਹੀਂ ਆ ਸਕਦਾ ਹੈ, ਪਰੰਤੂ ਪਰਵਾਰ ਨੂੰ ਆਪਣੇ ਪੈਰਾਂ ਤੇ ਖੜੇ ਕਰਨ ਲਈ ਸਹਾਇਤਾ ਜਰੂਰ ਕੀਤੀ ਜਾ ਸਕਦੀ ਹੈ। ਪਿਛਲੇ ਕੁਝ ਸਾਲ ਪਹਿਲਾਂ ਸ: ਗੁਰਮੀਤ ਸਿੰਘ ਜੀ ਦੀਆਂ ਦੋਤਰੀਆਂ ਦੀ ਸਹਾਇਤਾ ਲਈ ਉਪਰਾਲਾ ਆਰੰਭ ਕੀਤਾ ਗਿਆ ਸੀ। ਉਸ ਦੀ ਕੀ ਸਥਿਤੀ ਹੈ, ਇਹ ਪਹਿਲੀਆਂ ਕਮੇਟੀਆਂ ਹੀ ਜਾਣਦੀਆਂ ਹੋਣਗੀਆਂ।

ਸ: ਬਲਜੀਤ ਸਿੰਘ ਵਾਸ਼ੀ ਗੁਰਦੁਆਰਾ ਸਾਹਿਬ ਦੇ ਨਿਸ਼ਾਨ ਸਾਹਿਬ ਦੀ ਸੇਵਾ ਤੇ ਬਿਜਲੀ ਦੇ ਕੰਮਾਂ ਵਾਸਤੇ ਕਈ ਸਾਲਾਂ ਤੋ ਲਗਾਤਾਰ ਸੇਵਾ ਕਰ ਰਹੇ ਸਨ। ਉਨ੍ਹਾ ਦੀ ਬੇਟੀ ਵਾਸ਼ੀ ਗੁਰਦੁਆਰਾ ਸਾਹਿਬ ਵਿਚ ਗੁਰਬਾਣੀ ਦੀਆਂ ਕਲਾਸਾ ਵਿਚ ਪੜ੍ਹਦੀ ਵੀ ਰਹੀ ਹੈ ਤੇ ਨਾਲ ਦੀ ਨਾਲ ਛੋਟੇ ਬੱਚਿਆਂ ਨੂੰ ਪੜ੍ਹਾਦੀ ਵੀ ਰਹੀ ਹੈ।

ਜੇਕਰ ਵਾਸ਼ੀ ਗੁਰਦੁਆਰਾ ਸਾਹਿਬ ਦੀ ਕਮੇਟੀ ਤੇ ਸੰਗਤ ਠੀਕ ਸਮਝੇ ਤਾਂ ਸ: ਬਲਜੀਤ ਸਿੰਘ ਦੇ ਪਰਵਾਰ ਦੀ ਮਾਇਕ ਸਹਾਇਤਾ ਕਰਨ ਦੇ ਨਾਲ ਨਾਲ ਕੋਈ ਰੁਜਗਾਰ ਦੇ ਸਾਧਨ ਲਈ ਉਪਰਾਲਾ ਕਰ ਸਕਦੀ ਹੈ। ਜੇ ਕਰ ਕਮੇਟੀ ਤੇ ਸੰਗਤ ਠੀਕ ਸਮਝੇ ਤਾਂ ਉਸ ਦੇ ਬੱਚਿਆਂ ਦੀ ਪੜ੍ਹਾਈ ਲਈ ਫੀਸ ਤੇ ਹੋਰ ਖਰਚਿਆਂ ਲਈ ਠੋਸ ਯੋਗਦਾਨ ਦੇ ਸਕਦੀ ਹੈ।

*ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥ (੧੧੮੫)*

ਅਕਸਰ ਗੁਰਦੁਆਰਾ ਸਾਹਿਬਾਂ ਦੀਆਂ ਸਟੇਜਾਂ ਤੇ ਕਿਹਾ ਜਾਂਦਾ ਹੈ ਕਿ ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ। ਫਿਰ ਕਿਉਂ ਨਾ ਇਸ ਨੂੰ ਅਮਲੀ ਰੂਪ ਦਿਤਾ ਜਾਵੇ।

"ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ"

ਡਾ: ਸਰਬਜੀਤ ਸਿੰਘ

**Email = sarbjitsingh@yahoo.com**

**http://www.geocities.ws/sarbjitsingh/**